STATE OF CALIFORNIA
DMV
DEPARTMENT OF MOTOR VEHICLES
A Public Service Agency

# ਭਾਸ਼ਾਈ ਪਹੁੰਚ ਲਈ ਸ਼ਿਕਾਇਤ ਫਾਰਮ

## ਭਾਗ 1 – ਸ਼ਿਕਾਇਤ ਦੀ ਪਰਕਿਰਿਆ

ਜੇ ਤੁਹਾਨੂੰ ਲੱਗਦਾ ਹੈ ਕਿ ਮੋਟਰ ਵਹੀਕਲ ਵਿਭਾਗ (Department of Motor Vehicles (DMV)) ਭਾਸ਼ਾ ਜਾਂ ਕਿਸੇ ਹੋਰ ਸੰਚਾਰ ਰੁਕਾਵਟ ਕਰਕੇ ਤੁਹਾਡੀ ਸੇਵਾ ਕਰਨ ਵਿਚ ਅਸਮਰੱਥ ਹੈ ਤਾਂ ਇਹ ਫਾਰਮ ਭਰੋ ਅਤੇ ਇਸ ਨੂੰ ਇਸ ਪਤੇ 'ਤੇ ਭੇਜੋ: **Department of Motor Vehicles, Attn: Bilingual Coordinator, Language Access Complaint Form, 2570 24th Street, M/S J266, Sacramento, CA 95818**

## ਭਾਗ–2 ਸੰਪਰਕ ਲਈ ਜਾਣਕਾਰੀ

ਪਹਿਲਾ ਨਾਮ | ਆਖਰੀ ਨਾਮ

ਪਤਾ

ਸ਼ਹਿਰ | ਰਾਜ | ਜ਼ਿਪ ਕੋਡ

ਫੋਨ ਨੰਬਰ ( ) | ਈ-ਮੇਲ ਪਤਾ

ਸੰਪਰਕ ਲਈ ਸਥਾਈ ਪਤਾ

☐ ਟੈਲੀਫੋਨ ☐ ਡਾਕ ☐ ਈਮੇਲ

## ਭਾਗ 3– ਸ਼ਿਕਾਇਤ ਦਾ ਵੇਰਵਾ

ਘਟਨਾ ਦੀ ਮਿਤੀ

ਸੰਪਰਕ ਕਰਨ ਦਾ ਢੰਗ

☐ ਖੁੱਦ ☐ ਟੈਲੀਫੋਨ ☐ ਈ-ਮੇਲ ☐ ਚਿੱਠੀ-ਪੱਤਰ ☐ ਹੋਰ ____________

ਤੁਹਾਨੂੰ ਕਿਸ ਭਾਸ਼ਾ ਵਿਚ ਸਹੂਲਤ ਚਾਹੀਦੀ ਹੈ?

☐ ਅਰਮੇਨੀਅਨ ☐ ਕੈਂਟੋਨੀਜ਼ ☐ ਹਿੰਦੀ ☐ ਕੋਰੀਅਨ ☐ ਮੈਂਡੇਰਿਨ
☐ ਪੰਜਾਬੀ ☐ ਸਪੈਨਿਸ਼ ☐ ਟੈਗਾਲੋਂਗ ☐ ਵਿਅਤਨਾਮੀ ☐ ਅਮਰੀਕਨ ਸਾਈਨ ਭਾਸ਼ਾ
☐ ਹੋਰ ____________

ਭਾਸ਼ਾਈ ਪਹੁੰਚ ਜਾਂ ਸੰਚਾਰ ਰੋਕ(ਕਾਂ) (ਹਰੇਕ ਲਾਗੂ ਹੋਣ ਵਾਲੇ ਤੇ ਨਿਸ਼ਾਨ ਲਗਾਓ):

☐ ਦੋਭਾਸ਼ੀ ਅਧਿਕਾਰੀਆ ਦੀ ਕਮੀ
☐ ਦੋਭਾਸ਼ੀਆ ਸੇਵਾਵਾਂ ਦੀ ਕਮੀ
☐ ਅਨੁਵਾਦ ਕੀਤੇ ਦਸਤਾਵੇਜ਼ਾਂ/ਸਮਗਰੀ ਦੀ ਕਮੀ
☐ ਦੁਭਾਸ਼ੀਆ/ਅਨੁਵਾਦ ਸੇਵਾਵਾਂ ਬਾਰੇ ਜਨਤਾ ਨੂੰ ਸੂਚਿਤ ਕਰਨ ਦੇ ਸੰਕੇਤਾਂ ਦੀ ਕਮੀ
☐ ਹੋਰ:____________

ਘਟਨਾ ਵਾਲੀ ਜਗ੍ਹਾ (ਜੇਕਰ ਘਟਨਾ DMV ਦਫਤਰ ਵਿਚ ਵਾਪਰੀ ਹੋਵੇ)

ਪਤਾ

ਸ਼ਹਿਰ | ਰਾਜ | ਜ਼ਿਪ ਕੋਡ

ਘਟਨਾ ਦਾ ਵੇਰਵਾ



Print | Clear Form

## DMV'S ਦੀ ਭਾਸ਼ਾ ਸੇਵਾਵਾਂ ਬਾਰੇ ਨੀਤੀ

(Dymally-Alatorre Bilingual Services Act) ਦੋਭਾਸ਼ੀ ਸੇਵਾਵਾਂ ਕਾਨੂੰਨ ਦੀਆਂ ਲੋੜਾਂ ਮੁਤਾਬਕ, DMV ਵਿਭਾਗੀ ਪ੍ਰੋਗਰਾਮਾਂ ਅਤੇ ਸੇਵਾਵਾਂ ਦੀ ਸਮਾਨ ਪਹੁੰਚ ਅੰਗ੍ਰੇਜ਼ੀ ਦੀ ਘੱਟ ਕੁਸ਼ਲਤਾ (LEP) ਜਾਂ ਗੈਰ-ਅੰਗ੍ਰੇਜ਼ੀ ਭਾਸ਼ੀ ਲੋਕਾਂ ਸਮੇਤ ਸਾਰੇ ਵਿਅਕਤੀਆਂ ਲਈ ਯਕੀਨੀ ਬਣਾਉਂਦਾ ਹੈ। ਸਾਰੇ ਵਿਭਾਗੀ ਪ੍ਰੋਗਰਾਮ ਵਿਅਕਤੀਗਤ ਅੰਤਰਾਂ ਅਤੇ ਸੱਭਿਆਚਾਰਕ ਵਖਰੇਵਿਆ ਨੂੰ ਪਛਾਣਦਿਆਂ ਸੇਵਾਵਾਂ ਪ੍ਰਦਾਨ ਕਰਦੇ ਹਨ। ਵਿਅਕਤੀਗਤ ਲੋੜਾਂ ਦੇ ਚੱਲਦਿਆਂ, LEP ਅਤੇ ਗੈਰ-ਅੰਗ੍ਰੇਜ਼ੀ ਭਾਸ਼ਾਈਆਂ ਨਾਲ, ਦੋਭਾਸ਼ੀ ਕਰਮਚਾਰੀਆਂ/ ਅਨੁਵਾਦ ਕੀਤੀ ਲਿਖਤੀ ਸਮਗਰੀ ਅਤੇ/ਜਾਂ ਸਮਰੱਥ ਦੋਭਾਸ਼ੀਆਂ/ ਅਨੁਵਾਦ ਸੇਵਾਵਾਂ ਰਾਹੀਂ ਪ੍ਰਭਾਵਸ਼ਾਲੀ ਸੰਚਾਰ ਕੀਤਾ ਜਾਵੇਗਾ।

## ਨਿਜਤਾ ਨੋਟਿਸ

**ਨਿੱਜੀ ਜਾਣਕਾਰੀ ਇਕੱਠੀ ਕਰਨਾ ਅਤੇ ਵਰਤਣਾ–** ਕੈਲੀਫੋਰਨੀਆ DMV ਦੀ ਸੰਚਾਰ ਡਵੀਜ਼ਨ Dymally-Alatorre ਦੋਭਾਸ਼ਾ ਸੇਵਾਵਾਂ ਕਾਨੂੰਨ, ਕੈਲੀਫੋਰਨੀਆ ਸਰਕਾਰੀ ਕੋਡ (CGC) ਧਾਰਾ 7290, et seq ਤਹਿਤ "ਭਾਸ਼ਾਈ ਪਹੁੰਚ ਸ਼ਿਕਾਇਤ ਫਾਰਮ" ਬਾਰੇ ਜਾਣਕਾਰੀ ਇਕੱਠੀ ਕਰਦਾ ਹੈ। DMV ਇਹ ਜਾਣਕਾਰੀ CGC ਧਾਰਾ 7291ਦੀ ਤਹਿਤ ਅਤੇ CGC ਧਾਰਾ 7292(a) ਅਤੇ 7299.4 ਉਪ-ਧਾਰਾਵਾਂ (a) ਅਤੇ (d) ਦੀ ਪਾਲਣਾ ਕਰਦਿਆ ਇਸ ਰਾਜ ਦੇ ਲੋਕਾਂ ਨਾਲ ਸੰਚਾਰ ਨੂੰ ਬਿਹਤਰ ਕਰਨ ਲਈ ਵਰਤਦਾ ਹੈ। ਰਾਜ ਦੀਆਂ ਏਜੰਸੀਆਂ ਦੁਆਰਾ ਇਕੱਠੀ ਕੀਤੀ ਨਿੱਜੀ ਜਾਣਕਾਰੀ ਸੂਚਣਾ ਆਚਰਣ ਕਾਨੂੰਨ , ਕੈਲੀਫੋਰਨੀਆ ਸਿਵਿਲ ਕੋਡ ਦੀ ਧਾਰਾ 1798 et seq., ਅਤੇ ਰਾਜ ਦੀ ਨੀਤੀ ਵਿਚ ਪਾਈ ਜਾਂਦੀ ਸੁਰੱਖਿਆ ਦੇ ਅਧੀਨ ਹੈ। DMV ਦੀ ਆਮ ਨਿਜਤਾ ਨੀਤੀ **www.dmv.ca.gov** 'ਤੇ ਉਪਲਬਧ ਹੈ।

**ਨਿੱਜੀ ਜਾਣਕਾਰੀ ਪ੍ਰਦਾਨ ਕਰਨਾ–** ਇਸ ਫਾਰਮ ਨੂੰ ਪੂਰਾ ਕਰਨਾ ਸਵੈਇੱਛਕ ਹੈ। ਹਾਲਾਂ ਕਿ ਜੇਕਰ ਤੁਸੀਂ ਜਿਆਦਾ ਜਾਣਕਾਰੀ ਨਹੀਂ ਦਿੰਦੇ DMV ਤੁਹਾਡੀ ਭਾਸ਼ਾ ਬਾਰੇ ਚਿੰਤਾ ਨੂੰ ਹੱਲ ਕਰਨ ਅਤੇ ਬੇਨਤੀ ਕੀਤੀਆਂ ਸੇਵਾਵਾਂ ਪ੍ਰਦਾਨ ਕਰਨ ਦੇ ਯੋਗ ਨਹੀਂ ਹੋਵੇਗਾ।ਨਿੱਜੀ ਵੇਰਵੇ **ਜੋ ਨਹੀ ਮੰਗੇ ਗਏ ਕਿਰਪਾ ਕਰਕੇ ਉਹ ਨਾ ਦਿਓ ਜਿਵੇਂ ਕਿ ਸਮਾਜਿਕ ਸੁਰੱਖਿਆ ਨੰਬਰ, ਡਰਾਈਵਿੰਗ ਲਾਇਸੈਂਸ ਨੰਬਰ, ਵਿੱਤੀ ਖਾਤਾ, ਮੈਡੀਕਲ ਜਾਂ ਸਿਹਤ ਬਾਰੇ ਜਾਣਕਾਰੀ ਆਦਿ।**

**ਤੁਹਾਡੀ ਜਾਣਕਾਰੀ ਦੀ ਪਹੁੰਚ–**ਜੇ ਤੁਸੀਂ ਅਜਿਹਾ ਕਰਨ ਦੀ ਕੋਸ਼ਿਸ਼ ਕਰਦੇ ਹੋ ਤਾਂ ਤੁਸੀਂ ਇੰਨਫਾਰਮੇਸ਼ਨ ਪ੍ਰੈਕਟਿਸ ਐਕਟ ਅਤੇ ਹੋਰ ਕਾਨੂੰਨਾਂ ਤਹਿਤ DMV ਕੋਲ ਮੌਜੂਦ ਆਪਣੀ ਸਾਰੀ ਨਿੱਜੀ ਜਾਣਕਾਰੀ ਦੀ ਸਮੀਖਿਆ ਕਰ ਸਕਦੇ ਹੋ। ਸੰਪਰਕ ਲਈ ਜਾਣਕਾਰੀ ਬਾਰੇ ਹੇਠਾਂ ਦੇਖੋ।

**ਨਿਜੀ ਜਾਣਕਾਰੀ ਦਾ ਸੰਭਵ ਖੁਲਾਸਾ–** DMV ਅਤੇ ਪਬਲਿਕ ਦੀਆਂ ਇਕਾਈਆਂ ਦੇ ਵਿਚਕਾਰ ਅਸਰਦਾਰ ਸੰਚਾਰ ਮੁਹੱਈਆ ਕਰਨ ਲਈ, ਸੰਚਾਰ ਪ੍ਰੋਗਰਾਮ ਡਿਵੀਜ਼ਨ ਨੂੰ ਤੁਹਾਡੇ ਦੁਆਰਾ ਦਿੱਤੀ ਜਾਣਕਾਰੀ DMV ਵਿਚਲੀਆਂ ਹੋਰਨਾਂ ਇਕਾਈਆਂ ਨਾਲ ਵੀ ਸਾਂਝਿਆਂ ਕਰਨੀ ਪੈ ਸਕਦੀ ਹੈ। ਤੁਹਾਨੂੰ ਮੁਹੱਈਆ ਜਾਣਕਾਰੀ ਹੇਠ ਦਿੱਤੇ ਹਾਲਾਤਾਂ ਵਿਚ ਪਰਗਟ ਕੀਤੀ ਜਾ ਸਕਦੀ ਹੈ:

- ਇੰਨਫਾਰਮੇਸ਼ਨ ਪ੍ਰੈਕਟਿਸ ਐਕਟ ਮੁਤਾਬਕ, ਪਬਲਿਕ ਰੀਕਾਰਡ ਕਾਨੂੰਨ ਰਾਹੀਂ ਬੇਨਤੀ ਦੇ ਜਵਾਬ ਵਿਚ
- ਹੋਰ ਸਰਕਾਰੀ ਏਜੰਸੀਆਂ ਨੂੰ, ਰਾਜ ਜਾਂ ਸੰਘੀ ਕਾਨੂੰਨਾਂ ਮੁਤਾਬਕ
- ਅਦਾਲਤ ਦੇ ਪ੍ਰਬੰਧਕੀ ਆਦੇਸ਼ਾਂ, ਸੰਮਨ ਜਾਂ ਖੋਜ ਵਰੰਟ ਦੇ ਜਵਾਬ ਵਿਚ

**ਸੰਪਰਕ ਲਈ ਜਾਣਕਾਰੀ–**ਤੁਸੀਂ ਆਪਣੇ ਪਬਲਿਕ ਡਰਾਈਵਿੰਗ ਰਿਕਾਰਡ ਦੀ ਨਕਲ ਨਿਯਮਿਤ ਦਫਤਰੀ ਸਮੇਂ ਦੌਰਾਨ **www.dmv.ca.gov** ਤੋਂ ਜਾਂ DMV ਫੀਲਡ ਅਫਸਰ ਤੋਂ ਪ੍ਰਾਪਤ ਕਰ ਸਕਦੇ ਹੋ। ਦਫਤਰੀ ਸਮੇਂ ਦੌਰਾਨ ਆਪਣੇ ਰੀਕਾਰਡ ਤੱਕ ਪਹੁੰਚ ਬਾਰੇ ਜਾਣਕਾਰੀ ਲਈ ਜਾਂ ਸਮਾਂ ਲੈਣ ਲਈ **1-800-777-0133** ਤੇ ਕਾਲ ਕਰੋ।

ਇਸ ਫਾਰਮ ਬਾਰੇ ਸਵਾਲਾਂ ਲਈ ਤੁਸੀਂ **Department of Motor Vehicles, Attn: Bilingual Coordinator, 2570 24th Street, M/S J266, Sacramento, CA 95818** ਨੂੰ ਸੰਪਰਕ ਕਰ ਸਕਦੇ ਹੋ।

## ਕੈਲੀਫੋਰਨੀਆ ਮਨੁੱਖੀ ਵਸੀਲਿਆ ਬਾਰੇ ਵਿਭਾਗ ਭਾਸ਼ਾਈ ਪਹੁੰਚ ਸ਼ਿਕਾਇਤ ਪਰਕਿਰਿਆ

ਜੇਕਰ ਤੁਹਾਨੂੰ ਲੱਗਦਾ ਹੈ ਕਿ ਅਨੁਵਾਦਿਤ ਸਮਗਰੀ ਜਾਂ ਦੁਭਾਸ਼ੀਆ ਸੇਵਾਵਾਂ ਬਾਰੇ DMV ਨੇ ਤੁਹਾਡੀ ਬੇਨਤੀ ਨੂੰ ਸਹੀ ਤਰੀਕੇ ਨਾਲ ਨਹੀਂ ਨਜਿੱਠਿਆ ਤਾਂ ਤੁਸੀਂ ਸਹੀ ਪਹੁੰਚ ਦੀ ਕਮੀ ਬਾਰੇ DMV ਦੇ ਖਿਲਾਫ ਕੈਲੀਫੋਰਨੀਆ ਦੇ ਮਨੁੱਖੀ ਵਸੀਲਿਆ ਬਾਰੇ ਵਿਭਾਗ (866) 889-3278 ਤੇ ਸ਼ਿਕਾਇਤ ਦਰਜ ਕਰਵਾ ਸਕਦੇ ਹੋ। ਇਹ ਫੋਨ ਨੰਬਰ ਤੁਹਾਨੂੰ ਆਵਾਜ਼ ਰੀਕਾਰਡਰ ਨਾਲ ਜੋੜੇਗਾ ਜਿੱਥੇ ਤੁਸੀਂ ਸ਼ਿਕਾਇਤ ਬਾਰੇ ਦੱਸਦਿਆਂ ਸ਼ਿਕਾਇਤ ਬਾਰੇ ਸੰਦੇਸ਼ ਛੱਡ ਸਕਦੇ ਹੋ। ਦੋ-ਭਾਸ਼ੀ ਸੇਵਾਵਾਂ ਬਾਰੇ ਪ੍ਰੋਗਰਾਮ ਇਸ ਦੇ ਸਮਾਧਾਨ ਬਾਰੇ DMV ਨਾਲ ਸਮੀਖਿਆ ਕਰੇਗਾ। ਇਸ ਆਵਾਜ਼ ਰੀਕਾਰਡਿੰਗ ਵਿਚ ਕੁੱਝ ਹਦਾਇਤਾਂ ਅੰਗਰੇਜ਼ੀ, ਅਰਮੀਨੀਆਈ, ਅਰਬੀ, ਕੈਂਟੋਨੀਜ਼, ਫਾਰਸੀ, ਜਪਾਨੀ, ਕੋਰੀਅਨ, ਮੰਦਾਰਿਨ, ਪੰਜਾਬੀ, ਰੂਸੀ, ਸਪੇਨੀ, ਤਾਗਾਲੋਗ, ਅਤੇ ਵੀਅਤਨਾਮੀ ਵਿਚ ਹੋਣਗੀਆਂ। ਇਹਨਾਂ ਭਾਸ਼ਾਵਾਂ ਤੋਂ ਬਿਨ੍ਹਾਂ ਹੋਰਨਾਂ ਵਿਚ ਸਹਾਇਤਾ ਲਈ CalHR ਦੇ ਦੋਭਾਸ਼ੀ ਸੇਵਾਵਾਂ ਪ੍ਰੋਗਰਾਮ ਨੂੰ (916) 324-0970 ਤੇ ਸੰਪਰਕ ਕਰੋ।

Print | Clear Form